# BUDHA DAL PUBLIC SCHOOL PATIALA

## Pre Board Examination (10 January 2024)

**Class - X**

**Paper - Punjabi (Set-A)**

**Time: 3 hrs.** **MM: 80**

ਆਮ ਨਿਰਦੇਸ਼:

1. ਸਾਰੇ ਪ੍ਰਸ਼ਨ ਲਾਜ਼ਮੀ ਹਨ। ਪ੍ਰਸ਼ਨਾਂ ਵਿੱਚੋਂ ਅੰਦਰੂਨੀ ਚੋਣ ਵੀ ਦਿੱਤੀ ਗਈ ਹੈ। ਉਸਨੂੰ ਧਿਆਨ ਨਾਲ ਵੇਖ ਕੇ ਹੱਲ ਕੀਤਾ ਜਾਵੇ।
2. ਬਹੁ-ਵਿਕਲਪੀ ਪ੍ਰਸ਼ਨਾਂ ਦਾ ਉੱਤਰ ਲਿਖਦੇ ਹੋਏ ਵਿਕਲਪ ਨੰਬਰ ਦੇ ਨਾਲ-ਨਾਲ ਉੱਤਰ ਵੀ ਲਿਖਿਆ ਜਾਵੇ।
3. ਉੱਤਰਾਂ ਨੂੰ ਧਿਆਨ ਨਾਲ ਉੱਤਰ-ਸ਼ੀਟ 'ਤੇ ਦਰਜ ਕੀਤਾ ਜਾਵੇ।

### ਭਾਗ-ੳ (ਪੜ੍ਹਨ-ਕੌਸ਼ਲ)

1) ਹੇਠ ਲਿਖੇ ਪੈਰ੍ਹੇ ਨੂੰ ਪੜ੍ਹ ਕੇ ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰ ਲਿਖੋ: (6×1=6)

15 ਅਗਸਤ 1947 ਈਸਵੀ ਨੂੰ ਸਾਡਾ ਦੇਸ ਅਜ਼ਾਦ ਹੋਇਆ, ਇਸ ਅਜ਼ਾਦੀ ਲਈ ਵੰਡ ਹੋਣ ਕਾਰਨ ਜਿੱਥੇ ਦੋ ਮੁਲਕ ਬਣੇ ਉੱਥੇ ਨਾਲ ਹੀ ਬਹੁਤ ਸਾਰੇ ਗੁੰਝਲਦਾਰ ਮੁੱਦੇ ਤੇ ਸਮੱਸਿਆਵਾਂ ਵੀ ਪੈਦਾ ਹੋਈਆਂ ; ਜਿਵੇਂ ਕਿ ਸ਼ਰਨਾਰਥੀਆਂ ਦੀ ਸਮੱਸਿਆ, ਜ਼ਮੀਨੀ ਵਿਵਾਦ, ਦੰਗੇ, ਜਾਇਦਾਦਾਂ ਦੀ ਮਲਕੀਅਤ ਦਾ ਮਸਲਾ, ਇਤਿਹਾਸਕ ਅਤੇ ਪੁਰਾਤੱਤਵ ਕਲਾਵਾਂ ਦੇ ਬਟਵਾਰੇ ਆਦਿ। ਇਹਨਾਂ ਤੋਂ ਇਲਾਵਾ ਇੱਕ ਹੋਰ ਵੱਡਾ ਮਸਲਾ ਸੀ ਜਿਸ ਦਾ 1960 ਈਸਵੀ ਤੱਕ ਫ਼ੈਸਲਾ ਨਾ ਹੋ ਸਕਿਆ। ਇਹ ਸੀ ਪਾਣੀ ਦੀ ਵੰਡ ਦਾ ਮੁੱਦਾ, ਜੋ ਭਾਵੇਂ ਬਹੁਤ ਗੰਭੀਰ ਮੁੱਦਾ ਸੀ ਪਰ ਇਸ ਦਾ ਫ਼ੈਸਲਾ ਬਹੁਤ ਬਾਅਦ ਵਿੱਚ ਕੀਤਾ ਗਿਆ। 1960 ਈਸਵੀ ਵਿੱਚ ਸਿੰਧੂ ਅਤੇ ਇਸ ਦੀਆਂ ਸਹਾਇਕ ਨਦੀਆਂ ਦੇ ਪਾਣੀ ਨੂੰ ਸਾਂਝਾ ਵਰਤਣ ਲਈ ਭਾਰਤ ਅਤੇ ਪਾਕਿਸਤਾਨ ਦੁਆਰਾ ਇੱਕ ਸਮਝੌਤੇ 'ਤੇ ਦਸਖ਼ਤ ਕੀਤੇ ਗਏ, ਇਸ ਸਮਝੌਤੇ ਨੂੰ 'ਸਿੰਧੂ ਜਲ ਸੰਧੀ' ਦਾ ਨਾਂ ਦਿੱਤਾ ਗਿਆ। ਇਹ ਸੰਧੀ ਭਾਰਤ ਅਤੇ ਪਾਕਿਸਤਾਨ ਦਰਮਿਆਨ ਹੋਈਆਂ ਤਿੰਨ ਜੰਗਾਂ ਦੇ ਬਾਵਜੂਦ ਵੀ ਕਾਇਮ ਹੈ। ਭਾਰਤ ਵਿੱਚ ਤਿੰਨ ਮੁੱਖ ਨਦੀ ਜਲ ਪ੍ਰਨਾਲੀਆਂ ਹਨ ; ਜਿਵੇਂ ਕਿ ਗੰਗਾ ਨਦੀ ਪ੍ਰਨਾਲੀ, ਬ੍ਰਹਮਪੁੱਤਰ ਨਦੀ ਪ੍ਰਨਾਲੀ ਅਤੇ ਸਿੰਧੂ ਨਦੀ ਪ੍ਰਨਾਲੀ। ਗੰਗਾ ਨਦੀ ਪ੍ਰਨਾਲੀ ਭਾਰਤੀ ਅਤੇ ਨੇਪਾਲੀ ਖੇਤਰਾਂ ਤੱਕ ਸੀਮਤ ਹੈ ; ਬ੍ਰਹਮਪੁੱਤਰ ਨਦੀ ਪ੍ਰਨਾਲੀ ਤਿੱਬਤ ਖੇਤਰ ਤੋਂ ਆਪਣਾ ਪਾਣੀ ਲੈ ਰਹੀ ਹੈ। ਪਰ ਸਿੰਧੂ ਨਦੀ ਪ੍ਰਨਾਲੀ ਦਾ ਪ੍ਰਬੰਧਕੀ ਢਾਂਚਾ ਬਹੁਤ ਹੀ ਨਾਜ਼ੁਕਤਾ ਵਾਲਾ ਹੈ, ਕਿਉਂਕਿ ਇਹ ਨਦੀ ਪ੍ਰਨਾਲੀ ਭਾਰਤ ਦੇ ਨਾਲ-ਨਾਲ ਪਾਕਿਸਤਾਨ ਨਾਲ ਵੀ ਜੁੜੀ ਹੋਈ ਹੈ। ਇਸ ਦਾ ਪਿਛੋਕੜ ਇਹ ਹੈ ਕਿ ਵਿਸ਼ਵ ਬੈਂਕ ਦੀ ਮਦਦ ਨਾਲ ਭਾਰਤ ਅਤੇ ਪਾਕਿਸਤਾਨ ਦਰਮਿਆਨ ਨੌਂ ਸਾਲਾਂ ਦੀ ਗੱਲਬਾਤ ਤੋਂ ਬਾਅਦ ਸਤੰਬਰ, 1960 ਨੂੰ ਸਿੰਧੂ ਜਲ ਸੰਧੀ 'ਤੇ ਦਸਖ਼ਤ ਕੀਤੇ ਗਏ, ਜੋ ਕਿ ਇੱਕ ਹਸਤਾਖ਼ਰਕਰਤਾ ਵੀ ਹੈ। ਇਸ ਸੰਧੀ ਨੂੰ ਵਿਸ਼ਵ ਇਤਿਹਾਸ ਵਿੱਚ ਸਭ ਤੋਂ ਸਫਲ ਅੰਤਰ-ਰਾਸ਼ਟਰੀ ਸੰਧੀਆਂ ਵਿੱਚੋਂ ਇੱਕ ਮੰਨਿਆ ਜਾਂਦਾ ਹੈ। ਇਸ ਤੋਂ ਇਲਾਵਾ, ਇਸ ਨੇ ਲਗਾਤਾਰ ਤਣਾਅ ਤੇ ਯੁੱਧਾਂ ਤੋਂ ਬਚਾਅ ਦੇ ਨਾਲ-ਨਾਲ ਅੱਧੀ ਸਦੀ ਤੋਂ ਵੱਧ ਸਮੇਂ ਲਈ ਸਿੰਚਾਈ ਅਤੇ ਪਣ-ਬਿਜਲੀ ਦੇ ਵਿਕਾਸ ਲਈ ਇੱਕ ਮਜ਼ਬੂਤ ਢਾਂਚਾ ਪ੍ਰਦਾਨ ਕੀਤਾ ਹੈ। ਇਹ ਸੰਧੀ, ਪੱਛਮੀ ਨਦੀਆਂ ਜਿਵੇਂ ਸਿੰਧੂ, ਜੇਹਲਮ, ਚਨਾਬ ਪਾਕਿਸਤਾਨ ਨੂੰ ਅਤੇ ਪੂਰਬੀ ਨਦੀਆਂ ਜਿਵੇਂ ਰਾਵੀ, ਬਿਆਸ, ਸਤਲੁਜ ਭਾਰਤ ਨੂੰ ਵੰਡਦੀ ਹੈ। ਇਸ ਦੇ ਨਾਲ ਹੀ, ਸੰਧੀ ਹਰੇਕ ਦੇਸ ਨੂੰ ਦਰਿਆਵਾਂ ਦੀ ਨਿਰਧਾਰਤ ਵਰਤੋਂ ਦੀ ਆਗਿਆ ਦਿੰਦੀ ਹੈ।

ੳ) ਕਿਹੜੇ ਮਸਲੇ ਦਾ 1960 ਈਸਵੀ ਤੱਕ ਫ਼ੈਸਲਾ ਹੀ ਨਾ ਹੋ ਸਕਿਆ?

1) ਪਾਣੀ ਦੀ ਵੰਡ 2) ਸ਼ਰਨਾਰਥੀਆਂ ਦੀ ਵੰਡ 3) ਦੇਸ ਦੀ ਵੰਡ 4) ਸੜਕਾਂ ਦੀ ਵੰਡ

ਅ) ਪਾਣੀ ਨੂੰ ਸਾਂਝਾ ਵਰਤਣ ਲਈ ਭਾਰਤ ਅਤੇ ਪਾਕਿਸਤਾਨ ਦੁਆਰਾ 1960 ਈਸਵੀ ਵਿੱਚ ਜਿਸ ਸਮਝੌਤੇ 'ਤੇ ਦਸਖ਼ਤ ਕੀਤੇ ਗਏ, ਉਸ ਸਮਝੌਤੇ ਨੂੰ ਕੀ ਨਾਂ ਦਿੱਤਾ ਗਿਆ?

1) ਬ੍ਰਹਮਪੁੱਤਰ ਨਦੀ ਪ੍ਰਨਾਲੀ ਸੰਧੀ 2) ਗੰਗਾ ਨਦੀ ਪ੍ਰਨਾਲੀ ਸੰਧੀ

3) ਸਿੰਧੂ ਜਲ ਸੰਧੀ 4) ਇਤਿਹਾਸਕ ਅਤੇ ਪੁਰਾਤੱਤਵ ਕਲਾਵਾਂ ਸੰਧੀ

ੲ) ਗੰਗਾ ਨਦੀ ਪ੍ਰਨਾਲੀ ਕਿਹੜੇ ਖੇਤਰਾਂ ਤੱਕ ਸੀਮਤ ਹੈ?

1) ਚਨਾਬ ਖੇਤਰ 2) ਬਿਆਸ ਖੇਤਰ 3) ਤਿੱਬਤ ਖੇਤਰ 4) ਭਾਰਤੀ ਅਤੇ ਨੇਪਾਲੀ ਖੇਤਰ

ਸ) ਭਾਰਤ ਅਤੇ ਪਾਕਿਸਤਾਨ ਦਰਮਿਆਨ ਕਿੰਨੇ ਸਾਲਾਂ ਦੀ ਗੱਲਬਾਤ ਤੋਂ ਬਾਅਦ ਸਿੰਧੂ ਜਲ ਸੰਧੀ 'ਤੇ ਦਸਖ਼ਤ ਕੀਤੇ ਗਏ?

1) ਨੌਂ 2) ਦਸ 3) ਗਿਆਰਾਂ 4) ਬਾਰਾਂ

ਹ) ਕਿਹੜੀ ਸੰਧੀ ਨੂੰ ਵਿਸ਼ਵ ਇਤਿਹਾਸ ਵਿੱਚ ਸਭ ਤੋਂ ਸਫਲ ਅੰਤਰ-ਰਾਸ਼ਟਰੀ ਸੰਧੀਆਂ ਵਿੱਚੋਂ ਇੱਕ ਮੰਨਿਆ ਜਾਂਦਾ ਹੈ?

1) ਇਤਿਹਾਸਕ ਅਤੇ ਪੁਰਾਤੱਤਵ ਕਲਾਵਾਂ ਸੰਧੀ 2) ਸਿੰਧੂ ਜਲ ਸੰਧੀ

3) ਜ਼ਮੀਨੀ ਵਿਵਾਦ ਸੰਧੀ 4) ਜਾਇਦਾਦਾਂ ਦੀ ਮਲਕੀਅਤ ਦੀ ਸੰਧੀ

ਭਾਰਤ ਵਿੱਚ ਮੁੱਖ ਤੌਰ 'ਤੇ ਕਿੰਨੀਆਂ ਨਦੀ ਜਲ ਪ੍ਰਨਾਲੀਆਂ ਹਨ?
1) 3 2) 1960 3) 1947 4) 6

**2) ਹੇਠ ਲਿਖੀ ਕਾਵਿ-ਟੁਕੜੀ ਨੂੰ ਪੜ੍ਹ ਕੇ ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰ ਲਿਖੋ।** (1×4=4)

ਇਹ ਬੇਪਰਵਾਹ ਪੰਜਾਬ ਦੇ,
ਮੌਤ ਨੂੰ ਮਖ਼ੌਲਾਂ ਕਰਨ,
ਮਰਨ ਥੀਂ ਨਹੀਂ ਡਰਦੇ।
ਪਿਆਰ ਨਾਲ ਇਹ ਕਰਨ ਗ਼ੁਲਾਮੀ,
ਜਾਨ ਕੋਹ ਆਪਣੀ ਵਾਰ ਦਿੰਦੇ
ਪਰ ਟੈਂ ਨਾ ਮੰਨਣ ਕਿਸੇ ਦੀ
ਖਲੋ ਜਾਣ ਡਾਂਗਾ ਮੋਢੇ ਤੇ ਉਲਾਰ ਕੇ।

ੳ) ਪੰਜਾਬ ਦੇ ਜਵਾਨਾਂ ਦੀ ਕਿਹੜੀ ਬੇਪਰਵਾਹੀ ਦੱਸੀ ਗਈ ਹੈ?
ਅ) ਪੰਜਾਬ ਦੇ ਜਵਾਨਾਂ ਨੂੰ ਵੱਸ ਵਿੱਚ ਕਰਨ ਦਾ ਕਿਹੜਾ ਗੁਰ ਦੱਸਿਆ ਗਿਆ ਹੈ?
ੲ) 'ਪਰ ਟੈਂ ਨਾ ਮੰਨਣ ਕਿਸੇ ਦੀ' ਤੁਕ ਤੋਂ ਪੰਜਾਬੀਆਂ ਦੇ ਕਿਹੜੇ ਸੁਭਾਅ ਦਾ ਪਤਾ ਲੱਗਦਾ ਹੈ?
ਸ) 'ਖਲੋ ਜਾਣ' ਤੋਂ ਕੀ ਭਾਵ ਹੈ?

## ਭਾਗ - ਅ (ਵਿਆਕਰਨ)

**3) ਸਮਾਸੀ ਸ਼ਬਦ (ਪੁੱਛੇ ਗਏ ਅਨੁਸਾਰ ਤਿੰਨ ਪ੍ਰਸ਼ਨਾਂ ਵਿੱਚੋਂ ਕੋਈ ਦੋ ਹੱਲ ਕਰੋ):** (2×1=2)

ੳ) ਇੱਕੋ ਸ਼ਬਦ ਦੇ ਦੁਹਰਾਅ ਵਾਲਾ ਕੋਈ ਸਮਾਸੀ ਸ਼ਬਦ ਚੁਣੋ:
1) ਔਖਾ-ਸੌਖਾ 2) ਸਵੇਰ-ਸ਼ਾਮ 3) ਰਾਤੋ-ਰਾਤ 4) ਘੱਟ-ਵੱਧ
ਅ) 'ਸੈਨਾ ਦਾ ਪਤੀ' ਸ਼ਬਦ ਸਮੂਹ ਲਈ ਸਮਾਸੀ ਸ਼ਬਦ ਚੁਣੋ:
1) ਸੈਨਾ ਵਾਲਾ ਪਤੀ 2) ਸੈਨਾਪਤੀ 3) ਸੈਨਾ ਅਤੇ ਪਤੀ 4) ਸੈਨਾ-ਪਤੀ
ੲ) ਹੇਠ ਲਿਖਿਆਂ ਵਿੱਚੋਂ ਕਿਹੜਾ ਸ਼ਬਦ ਸਮਾਸੀ ਨਹੀਂ ਹੈ?
1) ਘਿਓ-ਖਿਚੜੀ 2) ਹਾਰ-ਸ਼ਿੰਗਾਰ 3) ਵਿਆਹ-ਸ਼ਾਦੀ 4) ਹਾਲ-ਸਿਹਤ

**4) ਬਹੁ-ਅਰਥਕ ਸ਼ਬਦ (ਪੁੱਛੇ ਗਏ ਅਨੁਸਾਰ ਤਿੰਨ ਪ੍ਰਸ਼ਨਾਂ ਵਿੱਚੋਂ ਕੋਈ ਦੋ ਹੱਲ ਕਰੋ):** (2×1=2)

ੳ) ਹੇਠ ਲਿਖੇ ਖ਼ਾਲੀ ਸਥਾਨ ਵਿੱਚ ਇੱਕ ਬਹੁ-ਅਰਥਕ ਸ਼ਬਦ ਭਰੋ-
ਮੈਂ .......... 'ਤੇ ਕੱਪੜੇ ਸੁੱਕਣੇ ਪਾ ਕੇ ਬਿਜਲੀ ਬਿਲ ........... ਆਇਆ, ਇੰਨੇ ਨੂੰ ਡਾਕੀਆ .......... ਲੈ ਕੇ ਆ ਗਿਆ।
1) ਤਾਰ 2) ਤਰਨਾ 3) ਭਰ 4) ਡੁੱਬਣਾ
ਅ) 'ਪੂਰਾ' ਸ਼ਬਦ ਦਾ ਇਕ ਅਰਥ ਹੈ 'ਮੁਕੰਮਲ'। ਦੂਜਾ ਅਰਥ ਦੱਸੋ:
1) ਮੌਤ 2) ਪੱਕਿਆ ਹੋਇਆ 3) ਰੱਜਣਾ 4) ਖਰਾਬ ਹੋਣਾ
ੲ) ਕਿਹੜਾ ਸ਼ਬਦ 'ਵੇਲ' ਦੇ ਬਹੁ-ਅਰਥਕ ਵੱਜੋਂ ਨਹੀਂ ਵਰਤਿਆ ਜਾ ਸਕਦਾ -
1) ਬੂਟਾ 2) ਵੇਲਣਾ 3) ਵਾਰਨਾ 4) ਤਰੀਕ

ਕਿਰਿਆ-ਵਿਸ਼ੇਸ਼ਣ (ਪੁੱਛੇ ਗਏ ਅਨੁਸਾਰ ਤਿੰਨ ਪ੍ਰਸ਼ਨਾਂ ਵਿੱਚੋਂ ਕੋਈ ਦੋ ਹੱਲ ਕਰੋ): (2×1=2)

ੳ) ਕਿਰਿਆ ਵਿਸ਼ੇਸ਼ਣ ਚੁਣੋ : ਵਰਖਾ ਰੁਕ-ਰੁਕ ਕੇ ਹੋ ਰਹੀ ਹੈ।

1) ਵਰਖਾ 2) ਰੁਕ-ਰੁਕ ਕੇ 3) ਕੇ ਹੋ 4) ਰਹੀ ਹੈ

ਅ) ਹੇਠ ਲਿਖੇ ਸ਼ਬਦ ਸਮੂਹਾਂ ਵਿੱਚੋਂ ਮਿਣਤੀ/ ਪਰਿਮਾਣ ਵਾਚਕ ਕਿਰਿਆ-ਵਿਸ਼ੇਸ਼ਣ ਚੁਣੋ:

1) ਅਨੇਕ, ਇਕਹਿਰਾ, ਦੂਹਰਾ 2) ਥੋੜਾ, ਬਹੁਤ, ਜ਼ਰਾ ਕੁ

3) ਸੱਜੇ, ਖੱਬੇ, ਉੱਪਰ 4) ਝੱਟ-ਪੱਟ, ਧੜਾਧੜ, ਅਚਨਚੇਤ

ੲ) ਜਿਹੜੇ ਕਿਰਿਆ ਵਿਸ਼ੇਸ਼ਣ ਕਿਰਿਆ ਦੇ ਕੰਮ ਹੋਣ ਦਾ ਸਮਾਂ ਦੱਸਣ, ਉਹਨਾਂ ਨੂੰ ਕੀ ਕਿਹਾ ਜਾਂਦਾ ਹੈ?

1) ਪ੍ਰਕਾਰ-ਵਾਚਕ ਕਿਰਿਆ ਵਿਸ਼ੇਸ਼ਣ 2) ਕਾਲ-ਵਾਚਕ ਕਿਰਿਆ ਵਿਸ਼ੇਸ਼ਣ

3) ਸਥਾਨ-ਵਾਚਕ ਕਿਰਿਆ ਵਿਸ਼ੇਸ਼ਣ 4) ਕਾਰਨ-ਵਾਚਕ ਕਿਰਿਆ ਵਿਸ਼ੇਸ਼ਣ

**6) ਅਗੇਤਰ-ਪਿਛੇਤਰ (ਪੁੱਛੇ ਗਏ ਅਨੁਸਾਰ ਹੱਲ ਕਰੋ):** (1+1=2)

ੳ) ਹੇਠ ਲਿਖਿਆਂ ਵਿੱਚੋਂ ਕਿਸੇ ਇੱਕ ਅਗੇਤਰ ਨੂੰ ਵਰਤ ਕੇ ਦੋ - ਦੋ ਸ਼ਬਦ ਬਣਾਓ:

ਦੁਰ, ਬੇ

ਅ) ਹੇਠ ਲਿਖਿਆਂ ਵਿੱਚੋਂ ਕਿਸੇ ਇੱਕ ਪਿਛੇਤਰ ਨੂੰ ਵਰਤ ਕੇ ਦੋ - ਦੋ ਸ਼ਬਦ ਬਣਾਓ:

ਹੀਣ, ਸਾਰ

**7) ਮੁਹਾਵਰੇ : ਹੇਠ ਲਿਖਿਆਂ ਵਿੱਚੋਂ ਕਿਸ ਚਾਰ ਮੁਹਾਵਰਿਆਂ ਨੂੰ ਇਸ ਤਰ੍ਹਾਂ ਵਾਕਾਂ ਵਿੱਚ ਵਰਤੋ ਕਿ ਅਰਥ ਸਪੱਸ਼ਟ ਹੋ ਜਾਣ:** (4×1=4)

ਕੌੜੀ ਵੇਲ ਵਾਂਗ ਵਧਣਾ, ਚੈਨ ਦਾ ਸਾਹ ਆਉਣਾ, ਛਿੱਕੇ ਉਤੇ ਟੰਗਣਾ, ਖੁਰਾ-ਖੋਜ ਮਿਟਾ ਦੇਣਾ, ਗੰਗਾ ਨਹਾਉਣਾ, ਝੱਗ ਵਾਂਗ ਬਹਿ ਜਾਣਾ

## ਭਾਗ-ੲ (ਪ੍ਰਭਾਵਸ਼ਾਲੀ ਲਿਖਣ ਕੌਸ਼ਲ)

**9) ਹੇਠ ਲਿਖੇ ਵਿਸ਼ਿਆਂ ਵਿੱਚੋਂ ਕਿਸੇ 'ਇੱਕ' ਵਿਸ਼ੇ ਉੱਤੇ ਦਿੱਤੇ ਹੋਏ ਨੁਕਤਿਆਂ ਦੇ ਅਧਾਰ ਤੇ 200 ਸ਼ਬਦਾਂ ਦਾ ਲੇਖ ਲਿਖੋ:** (8)

**ਵਾਦੜੀਆਂ ਸਜਾਦੜੀਆਂ ਨਿਭਣ ਸਿਰਾਂ ਦੇ ਨਾਲ**

ਨੁਕਤੇ -

ਜਾਣ-ਪਛਾਣ, ਮਨੁੱਖ ਆਦਤਾਂ ਦਾ ਗੁਲਾਮ, ਆਦਤ ਅਤੇ ਆਚਰਨ, ਆਦਤਾਂ ਬੂਟਿਆਂ ਵਾਂਗ ਹੁੰਦੀਆਂ ਹਨ, ਆਦਤਾਂ ਦਾ ਮੁੱਢ, ਆਦਤਾਂ ਸਥਿਰ ਹੁੰਦੀਆਂ ਹਨ, ਵਰਤਮਾਨ ਯੁੱਗ ਅਤੇ ਆਦਤਾਂ, ਚੰਗੀਆਂ ਆਦਤਾਂ, ਸਿੱਟਾ।

**ਜਾਂ**

**ਨੌਜਵਾਨ ਪੀੜ੍ਹੀ ਦਾ ਵਿਦੇਸ਼ਾਂ ਨੂੰ ਜਾਣ ਦੀ ਲਲਕ**

ਨੁਕਤੇ -

ਭੂਮਿਕਾ, ਗਰੀਬੀ, ਬੇਰੁਜ਼ਗਾਰੀ, ਮਿਹਨਤ ਦਾ ਮੁੱਲ, ਨਸੀਬ ਨਾ ਹੋਣ, ਪੈਸੇ ਦਾ ਲਾਲਚ, ਭਵਿੱਖ ਦਾ ਲਾਲਚ, ਭ੍ਰਿਸ਼ਟਾਚਾਰ ਰਹਿਤ ਜੀਵਨ, ਸਿੱਟਾ।

**ਜਾਂ**

**ਸ਼ੋਸ਼ਲ ਮੀਡੀਆ**

ਨੁਕਤੇ -

ਜਾਣ-ਪਛਾਣ, ਜਾਣਕਾਰੀ ਨੂੰ ਪ੍ਰਚਾਰਨ ਤੇ ਪ੍ਰਸਾਰਨ ਦਾ ਸੋਮਾ, ਸੰਬੰਧਾਂ ਵਿੱਚ ਵਾਧੇ ਦਾ ਸਾਧਨ, ਵਪਾਰਕ ਵਾਧੇ ਦਾ ਸਾਧਨ, ਮੰਨੋਰੰਜਨ ਦਾ ਚੰਗਾ ਸਾਧਨ, ਇਸ ਸਹੂਲਤ ਦੀ ਦੁਰਵਰਤੋਂ, ਸਿੱਟਾ।

**ਹੇਠ ਲਿਖੇ ਨੁਕਤਿਆਂ ਦੇ ਆਧਾਰ 'ਤੇ ਕੋਈ ਇੱਕ ਪੱਤਰ ਲਿਖੋ।** (1×6=6)

ਮੰਨ ਲਓ ਤੁਹਾਡਾ ਨਾਂ ਗੁਲਸ਼ਨ ਸਿੰਘ ਹੈ। ਤੁਸੀਂ 8/2, ਸੰਤ ਨਗਰ, ਬਟਾਲਾ ਰੋਡ, ਗੁਰਦਾਸਪੁਰ ਤੋਂ ਹੋ। ਤੁਸੀਂ ਜਲੰਧਰ ਦੇ ਕਿਸੇ ਹੋਸਟਲ ਵਿੱਚ ਰਹਿ ਕੇ ਪੜ੍ਹਾਈ ਕਰ ਰਹੇ ਹੋ। ਆਪਣੇ ਮਾਤਾ ਜੀ ਨੂੰ ਚਿੱਠੀ ਰਾਹੀਂ ਦੱਸੋ ਕਿ ਤੁਹਾਨੂੰ ਹੋਸਟਲ ਦਾ ਕਿਹੋ ਜਿਹਾ ਅਨੁਭਵ ਹੋਇਆ ਹੈ।

ਨੁਕਤੇ: ਮਨ ਬਹੁਤ ਉਦਾਸ ਹੋਇਆ, ਘਰ ਵਾਪਸ ਆ ਜਾਵਾਂ, ਮਨ ਨੂੰ ਸਮਝਾ ਲਿਆ, ਭਵਿੱਖ ਦੇ ਸੁਪਨਿਆਂ, ਭਰਾਵਾਂ ਵਾਂਗ ਰਹਿਣਾ, ਘਰ ਪਰਿਵਾਰ ਤੋਂ ਦੂਰ।

**ਜਾਂ**

ਆਪਣੀ ਨਗਰ ਪਾਲਿਕਾ ਨੂੰ ਆਪਣੀ ਗਲੀ ਵਿੱਚ ਫ਼ਰਸ਼ ਲੁਆਉਣ ਲਈ ਬੇਨਤੀ-ਪੱਤਰ ਲਿਖੋ।

ਨੁਕਤੇ: ਨਵੀਂ ਅਬਾਦੀ, ਮਕਾਨਾਂ ਦਾ ਦਸ ਗੁਣਾ ਵਾਧਾ, ਸੀਵਰੇਜ ਪਾਇਪਾਂ, ਤਾਰ ਵਿਭਾਗ ਵੱਲੋਂ ਜ਼ਮੀਨਦੋਜ਼ ਤਾਰਾਂ, ਮੀਂਹ ਪੈਣ 'ਤੇ ਪਾਣੀ ਦਾ ਜਮ੍ਹਾਂ ਹੋਣਾ, ਮੱਛਰਾਂ-ਮੱਖੀਆਂ ਦੀ ਭਰਮਾਰ, ਪਾਣੀ ਦੇ ਨਿਕਾਸ ਦਾ ਮਾੜਾ ਪ੍ਰਬੰਧ, ਲੋਕਾਂ ਵੱਲੋਂ ਸਹਿਯੋਗ ਰਾਸ਼ੀ ਦੀ ਪੇਸ਼ਕਸ਼।

**10) ਹੇਠ ਲਿਖੇ ਚਿੱਤਰ ਨੂੰ ਦੇਖ ਕੇ ਉਸਦਾ ਵਰਨਣ 50 ਤੋਂ 60 ਸ਼ਬਦਾਂ ਵਿੱਚ ਲਿਖੋ।** (4)




**ਭਾਗ-ਸ (ਪਾਠ ਪੁਸਤਕਾਂ ਤੇ ਅਧਾਰਤ)**

**11) ਕਹਾਣੀ ਅਤੇ ਵਾਰਤਕ ਵਿੱਚੋਂ (ਪੁੱਛੇ ਗਏ ਅਨੁਸਾਰ ਛੇ ਪ੍ਰਸ਼ਨਾਂ ਵਿੱਚੋਂ ਕੋਈ ਪੰਜ ਹੱਲ ਕਰੋ):(5×1=5)**

ੳ) ਕਿਸਦੇ ਪਿਆਰ ਤੋਂ ਸਮਾਜ ਅਤੇ ਦੇਸ਼ ਦਾ ਪਿਆਰ ਪੈਦਾ ਹੁੰਦਾ ਹੈ?

1) ਬੱਚਿਆਂ ਦੇ 2) ਘਰ ਦੇ 3) ਪਤਨੀ ਦੇ 4) ਮਾਂ-ਬਾਪ ਦੇ

ਅ) ਮਨੁੱਖੀ ਅਮੀਰੀ ਦਾ ਮੇਚਾ ਕਿਸ ਤੋਂ ਲਿਆ ਜਾ ਸਕਦਾ ਹੈ?

1) ਸਭਿਆਚਾਰ ਤੋਂ 2) ਮਨੁੱਖੀ ਪਹਿਰਾਵੇ ਤੋਂ 3) ਬੋਲੀ ਤੋਂ 4) ਜ਼ਮੀਨ ਜਾਇਦਾਦ ਤੋਂ

ੲ) ਇੱਕ ਰਾਤ ਕੈਦੀ ਨੂੰ ਨੀਂਦ ਕਿਉਂ ਨਹੀਂ ਆਈ?

1) ਪ੍ਰੇਸ਼ਾਨੀ ਕਾਰਨ 2) ਆਪਣੇ ਗੁਣਾਂ ਨੂੰ ਯਾਦ ਕਰਨ ਕਾਰਨ

3) ਆਪਣੇ ਘਰਦਿਆਂ ਨੂੰ ਯਾਦ ਕਰਨ ਕਾਰਨ 4) ਮੀਂਹ ਤੇ ਹਨੇਰੀ ਕਾਰਨ

ਸ) ਕਰਮ ਸਿੰਘ ਨੇ ਛੁੱਟੀ ਜਾਂਦੇ ਮਾਨ ਸਿੰਘ ਨੂੰ ਕੀ ਸੁਨੇਹਾ ਦਿੱਤਾ?

1) ਮੇਰੇ ਘਰ ਪੈਸੇ ਦੇ ਦੇਵੀਂ 2) ਮੇਰੀ ਚਿੱਠੀ ਲੈ ਜਾ 3) ਮੇਰੇ ਲਈ ਪੰਜੀਰੀ ਲਿਆਵੀਂ 4) ਸਾਡੇ ਘਰ ਹੁੰਦਾ ਆਵੀਂ

ਹ) ਕੁਲਫ਼ੀ ਵਾਲਾ ਕਿਸਨੂੰ ਕੁਲਫ਼ੀ ਦੇਣ ਦੇ ਆਹਰ ਵਿੱਚ ਲੱਗਿਆ ਹੋਇਆ ਸੀ?

1) ਬੱਚਿਆਂ ਨੂੰ 2) ਸ਼ਾਹਾਂ ਜੀ ਦੇ ਨੌਕਰ ਨੂੰ 3) ਸ਼ਾਹਾਂ ਜੀ ਦੇ ਲੜਕੇ ਨੂੰ 4) ਕਹਾਣੀਕਾਰ ਨੂੰ

A-4

ਤੁਰਨ ਨਾਲ ਦਰੱਖਤ ਕੀ ਪ੍ਰਤੀਤ ਹੋਣ ਲੱਗ ਪੈਂਦੇ ਹਨ?

1) ਪੁੱਤ 2) ਕਵਿਤਾਵਾਂ 3) ਧੀਆਂ 4) ਭਰਾ

**12) ਕਵਿਤਾ ਅਤੇ ਇਕਾਂਗੀ ਵਿੱਚੋਂ (ਪੁੱਛੇ ਗਏ ਅਨੁਸਾਰ ਛੇ ਪ੍ਰਸ਼ਨਾਂ ਵਿੱਚੋਂ ਕੋਈ ਪੰਜ ਹੱਲ ਕਰੋ):(5×1=5)**

ੳ) ਸ੍ਰੀ ਗੁਰੂ ਨਾਨਕ ਦੇਵ ਜੀ ਦੀ ਰਚਨਾ ਕਿਹੜੀ ਹੈ?

1) ਕਿਰਪਾ ਕਰਿ ਕੈ ਬਖਸਿ ਲੈਹੁ

2) ਤੂੰ ਮੇਰਾ ਪਿਤਾ ਤੂੰ ਹੈ ਮੇਰਾ ਮਾਤਾ

3) ਸਤਿਗੁਰ ਨਾਨਕ ਪ੍ਰਗਟਿਆ

4) ਸੋ ਕਿਉਂ ਮੰਦਾ ਆਖਿਐ

ਅ) 'ਹਰਿ ਗੁਣ ਗਾਇ ਮੇਰਾ ਮਨੁ ਸੀਤਲਾਇਆ' ਤੁਕ ਵਿੱਚ ਸੀਤਲਾਇਆ ਸ਼ਬਦ ਤੋਂ ਕੀ ਭਾਵ ਹੈ?

1) ਠੰਢਾ ਹੋ ਗਿਆ 2) ਸਿਮਰਨ ਕੀਤਾ 3) ਜਿੱਤ ਲਿਆ 4) ਪੈਦਾ ਕੀਤਾ

ੲ) ਸ਼ਾਹ ਮੁਹੰਮਦ ਦੇ ਜੰਗਨਾਮੇ ਵਿੱਚ ਕਿੰਨ੍ਹਾਂ ਧਿਰਾਂ ਦੀ ਲੜਾਈ ਦਾ ਬਿਆਨ ਹੈ?

1) ਸਿੰਘਾਂ ਤੇ ਮੁਗਲਾਂ ਦੀ 2) ਟੁੰਡੇ ਲਾਟ ਦੀ 3) ਸਿੰਘ ਤੇ ਅੰਗਰੇਜ਼ਾਂ ਦੀ 4) ਬ੍ਰਾਹਮਣਾਂ ਦੀ

ਸ) ਔਰੰਗਜ਼ੇਬ ਦੀ ਜ਼ਮੀਰ ਕਿਸਨੂੰ ਪੜ੍ਹਦਿਆਂ ਕੰਬ ਗਈ?

1) ਕੁਰਾਨ 2) ਫ਼ਰਿਆਦ 3) ਨਮਾਜ਼ 4) ਜ਼ਫ਼ਰਨਾਮਾ

ਹ) 'ਨੁਕਰ' 'ਚ ਬੈਠੀ ਨਿਹਾਲ ਕੌਰ ਕੀ ਕਰ ਰਹੀ ਸੀ?

1) ਸਬਜ਼ੀ ਬਣਾ ਰਹੀ ਸੀ 2) ਪਾਠ ਕਰ ਰਹੀ ਸੀ

3) ਚਰਖਾ ਕੱਤ ਰਹੀ ਸੀ 4) ਚਾਹ ਪੀ ਰਹੀ ਸੀ

ਕ) ਬੇਗਮ ਉਦੈਪੁਰੀ ਕੌਣ ਸੀ?

1) ਸ਼ਾਹੀ ਹਕੀਮ ਦੀ ਪਤਨੀ 2) ਔਰੰਗਜ਼ੇਬ ਦੀ ਪਤਨੀ 3) ਅਸਦ ਖਾਂ ਦੀ ਪਤਨੀ 4) ਜਹਾਂਗੀਰ ਦੀ ਪਤਨੀ

**13) ਕਹਾਣੀ ਅਤੇ ਵਾਰਤਕ ਵਿੱਚੋਂ (ਕਿਸੇ ਚਾਰ ਪ੍ਰਸ਼ਨਾਂ ਦੇ ਉੱਤਰ ਇੱਕ-ਦੋ ਸ਼ਬਦਾਂ ਵਿੱਚ ਦਿਓ): (4×1=4)**

ੳ) ਜਦੋਂ ਕਰਮ ਸਿੰਘ ਆਪਣੇ ਪਿੰਡ ਛੁੱਟੀ ਆਉਂਦਾ ਤਾਂ ਕਿੱਥੇ ਪਿੰਡ ਦੇ ਲੋਕਾਂ ਦੀਆਂ ਭੀੜਾਂ ਵੱਧ ਜਾਂਦੀਆਂ ਸਨ?

ਅ) ਅਮਰੀਕ ਸਿੰਘ ਆਪਣੀ ਅੱਧੀ ਤਨਖ਼ਾਹ ਕਿਸ ਨੂੰ ਦਿੰਦਾ ਸੀ?

ੲ) ਧਰਮ ਘਰਾਂ ਵਿੱਚੋਂ ਨਿਕਲ ਕੇ ਕਿੱਥੇ ਆ ਗਿਆ ਸੀ?

ਸ) ਪਰਮਾਤਮਾ ਨੂੰ ਪ੍ਰਾਪਤ ਕਰਨ ਦੀ ਕੁੰਜੀ ਕਿਹੜੀ ਹੈ?

ਹ) ਲੇਖਕ ਅਨੁਸਾਰ ਕਿਹੜਾ ਵਿਅਕਤੀ ਲੰਮੇ ਪੈਂਡੇ ਤੁਰ ਸਕਦਾ ਹੈ?

**14) ਕਹਾਣੀ ਵਾਰਤਕ ਅਤੇ ਇਕਾਂਗੀ ਵਿੱਚੋਂ (7×2=14)**

**(ਕਿਸੇ ਸੱਤ ਪ੍ਰਸ਼ਨਾਂ ਦੇ ਉੱਤਰ 25-30 ਸ਼ਬਦਾਂ ਵਿੱਚ ਦਿਓ):**

ੳ) ਲੋਕੀਂ ਕਿੱਥੇ ਗੁਜ਼ਾਰੇ ਪਲਾਂ ਦੀਆਂ ਵੱਧ ਗੱਲਾਂ ਕਰਦੇ ਹਨ ਅਤੇ ਉਹਨਾਂ ਨੂੰ ਕਿੱਥੋਂ ਦੀ ਜਾਣਕਾਰੀ ਬਹੁਤ ਘੱਟ ਹੁੰਦੀ ਹੈ?

ਅ) ਬਚਪਨ ਦੀ ਬੋਲੀ ਦਾ ਖ਼ਜ਼ਾਨਾ ਸਾਨੂੰ ਕਿਵੇਂ ਅਮੀਰ ਬਣਾ ਦਿੰਦਾ ਹੈ?

ੲ) ਮਾਨ ਸਿੰਘ ਦੀ ਕਿਹੜੀ ਗੱਲ ਕਰਮ ਸਿੰਘ ਦੇ ਬਾਪੂ ਨੂੰ ਸੂਲ ਵਾਂਗ ਚੁਭੀ ਅਤੇ ਕਿਉਂ?

ਸ) ਮਨਜੀਤ ਕੌਰ ਕਿਹੜੀ ਸਭਾ ਦੀ ਮੈਂਬਰ ਹੈ? ਉਹ ਸਭਾ ਕੀ ਕੰਮ ਕਰਦੀ ਹੈ?

ਹ) ਅਸਦ ਖ਼ਾਨ ਕੌਣ ਹੈ ਅਤੇ ਉਹ ਕਿਸ ਗੱਲ ਦੀ ਚਿੰਤਾ ਕਰਦਾ ਹੈ?

ਕ) ਅਮਰੀਕ ਸਿੰਘ ਦੇ ਘਰ ਖ਼ਾਮੋਸ਼ੀ ਕਿਉਂ ਛਾਈ ਹੋਈ ਸੀ?

ਖ) ਕੁਲਫ਼ੀ ਵਾਲੇ ਦਾ ਹੋਕਾ ਸੁਣ ਕੇ ਲੇਖਕ ਦੇ ਮਨ ਵਿੱਚ ਕੀ ਵਿਚਾਰ ਆਏ?

ਗ) ਔਰੰਗਜ਼ੇਬ ਦੇ ਫ਼ੌਜਦਾਰ ਅਤੇ ਸੂਬੇਦਾਰ ਉਸਤੋਂ ਬਾਗ਼ੀ ਕਿਉਂ ਹੋ ਗਏ ਸਨ?

15) **ਕਵਿਤਾ ਅਤੇ ਵਾਰਤਕ ਵਿੱਚੋਂ (ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 50-60 ਸ਼ਬਦਾਂ ਵਿੱਚ ਲਿਖੋ)** **(2×4=8)**

ੳ) 'ਸਤਿਗੁਰ ਨਾਨਕ ਪ੍ਰਗਟਿਆ' ਕਵਿਤਾ ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ।

**ਜਾਂ**

ਗੁਰੂ ਨਾਨਕ ਦੇਵ ਜੀ ਨੇ ਕਿਸਨੂੰ ਮੰਦਾ ਆਖਣ ਤੋਂ ਰੋਕਿਆ ਹੈ ਅਤੇ ਕਿਉਂ?

ਅ) 'ਘਰ ਦੇ ਪਿਆਰ ਤੋਂ ਹੀ ਸਮਾਜ ਅਤੇ ਦੇਸ਼ ਦਾ ਪਿਆਰ ਪੈਦਾ ਹੁੰਦਾ ਹੈ'। ਇਸ ਵਾਕ ਦੀ ਪੁਸ਼ਟੀ ਕਰੋ।

**ਜਾਂ**

ਕੈਦੀ ਦੇ ਵਿਹਾਰ ਵਿੱਚ ਪਰਿਵਰਤਨ ਕਿਵੇਂ ਆਇਆ?

16) **ਇਕਾਂਗੀ ਵਿੱਚੋਂ (ਕਿਸੇ ਇੱਕ ਪ੍ਰਸ਼ਨ ਦਾ ਉੱਤਰ 50-60 ਸ਼ਬਦਾਂ ਵਿੱਚ ਲਿਖੋ)** **(1×4=4)**

ੳ) ਔਰੰਗਜ਼ੇਬ ਦਾ ਪਾਤਰ ਚਿਤਰਨ ਕਰੋ।

**ਜਾਂ**

ਸੁਖਦੇਵ ਸਿੰਘ ਅਤੇ ਮਨਜੀਤ ਕੌਰ ਦਾ ਆਪਸੀ ਰਿਸ਼ਤਾ ਕਿਹੋ ਜਿਹਾ ਸੀ? ਬਿਆਨ ਕਰੋ।

# BUDHA DAL PUBLIC SCHOOL PATIALA

## Pre Board Examination (10 January 2024)

**Class - X**

**Paper - Punjabi (Set-B)**

**Time: 3 hrs.** **MM: 80**

ਆਮ ਨਿਰਦੇਸ਼:

1. ਸਾਰੇ ਪ੍ਰਸ਼ਨ ਲਾਜ਼ਮੀ ਹਨ। ਪ੍ਰਸ਼ਨਾਂ ਵਿੱਚੋਂ ਅੰਦਰੂਨੀ ਚੋਣ ਵੀ ਦਿੱਤੀ ਗਈ ਹੈ। ਉਸਨੂੰ ਧਿਆਨ ਨਾਲ ਵੇਖ ਕੇ ਹੱਲ ਕੀਤਾ ਜਾਵੇ।
2. ਬਹੁ-ਵਿਕਲਪੀ ਪ੍ਰਸ਼ਨਾਂ ਦਾ ਉੱਤਰ ਲਿਖਦੇ ਹੋਏ ਵਿਕਲਪ ਨੰਬਰ ਦੇ ਨਾਲ-ਨਾਲ ਉੱਤਰ ਵੀ ਲਿਖਿਆ ਜਾਵੇ।
3. ਉੱਤਰਾਂ ਨੂੰ ਧਿਆਨ ਨਾਲ ਉੱਤਰ-ਸ਼ੀਟ 'ਤੇ ਦਰਜ ਕੀਤਾ ਜਾਵੇ।

### ਭਾਗ-ੳ (ਪੜ੍ਹਨ-ਕੌਸ਼ਲ)

**1) ਹੇਠ ਲਿਖੇ ਪੈਰ੍ਹੇ ਨੂੰ ਪੜ੍ਹ ਕੇ ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰ ਲਿਖੋ:** (6×1=6)

ਖੁੱਲ੍ਹੇ-ਡੁੱਲ੍ਹੇ ਸੁਭਾਅ ਦੇ ਮਾਲਕ ਪੰਜਾਬੀ ਮੁੱਢ ਤੋਂ ਹੀ ਮੇਲਿਆਂ ਦੇ ਬੜੇ ਸ਼ੁਕੀਨ ਰਹੇ ਹਨ। ਜਰਗ ਦਾ ਮੇਲਾ, ਛਪਾਰ ਦਾ ਮੇਲਾ ਅਤੇ ਜਗਰਾਵਾਂ ਦੀ ਰੋਸ਼ਨੀ ਵਰਗੇ ਵੱਡੇ ਮੇਲੇ ਪੰਜਾਬੀਆਂ ਲਈ ਹਮੇਸ਼ਾਂ ਖਿੱਚ ਦਾ ਕੇਂਦਰ ਰਹੇ ਹਨ। ਇਹ ਮੇਲੇ ਪੰਜਾਬ ਦੇ ਘੁੱਗ ਵਸਦੇ ਇਲਾਕਿਆਂ ਵਿੱਚ ਲੱਗਦੇ ਹਨ। ਸਦੀਆਂ ਪੁਰਾਣਾ ਮੇਲਾ 'ਛਿੰਝ ਛਰਾਹਾਂ ਦੀ' ਭਾਵੇਂ ਇਸੇ ਪੱਧਰ ਦਾ ਹੈ ਪਰੰਤੂ ਪੰਜਾਬ ਦੇ ਪਛੜੇ ਨੀਮ-ਪਹਾੜੀ ਇਲਾਕੇ ਅਤੇ ਹਿਮਾਚਲ ਪ੍ਰਦੇਸ਼ ਦੇ ਜ਼ਿਲ੍ਹਾ ਊਨਾ ਦੀ ਵੱਖੀ ਨਾਲ ਲੱਗਦਾ ਹੋਣ ਕਰਕੇ, ਇਸ ਮੇਲੇ ਦਾ ਓਨਾ ਪ੍ਰਚਾਰ ਅਤੇ ਪਸਾਰ ਨਹੀਂ ਹੋ ਸਕਿਆ, ਜਿੰਨਾ ਹੋਣਾ ਚਾਹੀਦਾ ਸੀ। ਇਹ ਮੇਲਾ ਜ਼ਿਲ੍ਹਾ ਹੁਸ਼ਿਆਰਪੁਰ ਦੀ ਤਹਿਸੀਲ ਗੜ੍ਹਸ਼ੰਕਰ ਤੋਂ ਚੜ੍ਹਦੇ ਪਾਸੇ, ਸ਼ਿਵਾਲਿਕ ਪਹਾੜੀਆਂ ਦੀ ਗੋਦ 'ਚ ਵੱਸੇ 'ਬੀਤ' ਇਲਾਕੇ ਦੇ ਪਿੰਡ ਅਚਲਪੁਲ (ਛਰਾਹਾਂ) ਵਿਖੇ ਹਰ ਵਰ੍ਹੇ ਮੱਘਰ ਮਹੀਨੇ ਦੇ ਜੇਠੇ ਐਤਵਾਰ ਤੋਂ ਲੈ ਕੇ ਲਗਾਤਾਰ ਚਾਰ ਦਿਨ ਚੱਲਦਾ ਹੈ। ਦੂਰ-ਦੂਰ ਤੱਕ ਇਹ ਮੇਲਾ ਇੰਨਾ ਮਸ਼ਹੂਰ ਹੈ ਕਿ ਇਹ ਟੋਟਕਾ ਆਪਮੁਹਾਰੇ ਹੀ ਲੋਕਾਂ ਦੀ ਜ਼ੁਬਾਨ ਵਿੱਚੋਂ ਫੁੱਟ ਪੈਂਦਾ ਹੈ :

"ਦਾਲ ਮਾਂਹਾਂ ਦੀ, ਛਿੰਝ ਛਰਾਹਾਂ ਦੀ।"

ੳ) ਪੰਜਾਬੀ ਕਿਸ ਤਰ੍ਹਾਂ ਦੇ ਸੁਭਾਅ ਦੇ ਮਾਲਕ ਹਨ?
1) ਗੁੱਸੇ ਖੋਰ 2) ਸਖ਼ਤ 3) ਖੁੱਲ੍ਹੇ-ਡੁੱਲ੍ਹੇ 4) ਹੱਸਮੁਖ

ਅ) ਵੱਡੇ ਮੇਲੇ ਪੰਜਾਬ ਦੇ ਕਿਹੜੇ ਇਲਾਕਿਆਂ ਵਿੱਚ ਲੱਗਦੇ ਹਨ?
1) ਘੁੱਗ ਵਸਦੇ 2) ਪੇਂਡੂ 3) ਸ਼ਹਿਰੀ 4) ਪਹਾੜੀ

ੲ) 'ਛਿੰਝ ਛਰਾਹਾਂ ਦੀ' ਸਦੀਆਂ ਪੁਰਾਣਾ ਮੇਲਾ ਕਿਹੜੇ ਪਹਾੜੀ ਇਲਾਕੇ ਨਾਲ ਸੰਬੰਧਿਤ ਹੈ?
1) ਉਚੇ ਪਹਾੜੀ 2) ਪਛੜੇ ਨੀਮ-ਪਹਾੜੀ 3) ਠੰਢੇ ਪਹਾੜੀ 4) ਨੀਵੇਂ ਪਹਾੜੀ

ਸ) ਬੀਤ ਦਾ ਇਲਾਕਾ ਕਿਹੜੀਆਂ ਪਹਾੜੀਆਂ ਦੀ ਗੋਦ ਵਿੱਚ ਵੱਸਿਆ ਹੋਇਆ ਹੈ?
1) ਸ਼ਿਵਾਲਿਕ 2) ਨੀਵੀਆਂ 3) ਉਚਆਂ 4) ਨੀਮ-ਪਹਾੜੀਆਂ

ਹ) 'ਛਿੰਝ ਛਰਾਹਾਂ ਦੀ' ਦਾ ਮੇਲਾ ਕਿਸ ਮਹੀਨੇ ਦੀ ਜੇਠੇ ਐਤਵਾਰ ਤੋਂ ਸ਼ੁਰੂ ਹੁੰਦਾ ਹੈ?
1) ਜੇਠ 2) ਮੱਘਰ 3) ਪੋਹ 4) ਮਾਘ

ਕ) 'ਛਿੰਝ ਛਰਾਹਾਂ ਦੀ' ਦਾ ਮੇਲਾ ਕਿੰਨੇ ਦਿਨ ਚਲਦਾ ਹੈ?
1) ਦੋ ਦਿਨ 2) ਚਾਰ ਦਿਨ 3) ਪੰਜ ਦਿਨ 4) ਸੱਤ ਦਿਨ

**2) ਹੇਠ ਲਿਖੀ ਕਾਵਿ-ਟੁਕੜੀ ਨੂੰ ਪੜ੍ਹ ਕੇ ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰ ਲਿਖੋ।** (1×4=4)

ਆਓ ਨਸ਼ਿਆਂ ਤੋਂ ਛੁਟਕਾਰਾ ਪਾਈਏ, ਜੀਵਨ ਆਪਣਾ ਸੁਖੀ ਬਣਾਈਏ।
ਸਿਗਰਟ ਬੀੜੀ ਜੋ ਅਪਣਾਵੇ, ਕੈਂਸਰ ਵਰਗੇ ਰੋਗ ਲਗਾਵੇ।
ਜ਼ਰਦਾ ਜਿਹੜਾ ਵਰਤੇ ਬੰਦਾ, ਹੋਵੇ ਹਾਲ ਉਦਾ ਦਾ ਮੰਦਾ।
ਜਾਣ ਬੁੱਝ ਕੇ ਨਾ ਰੋਗ ਲਗਾਈਏ, ਜੀਵਨ ਆਪਣਾ ਸੁਖੀ ਬਣਾਈਏ।

ੳ) ਬੀੜੀ ਨਾਲ ਕਿਹੜਾ ਰੋਗ ਲੱਗਦਾ ਹੈ?
ਅ) ਕਾਹਦੇ ਨਾਲ ਦੰਦਾ ਦਾ ਮੰਦਾ ਹਾਲ ਹੁੰਦਾ ਹੈ?
ੲ) ਆਪਣਾ ਜੀਵਨ ਕਿਸ ਤਰ੍ਹਾਂ ਸੁਖੀ ਹੋ ਸਕਦਾ ਹੈ?
ਸ) ਕਵਿਤਾ ਦੀਆਂ ਸਤਰਾਂ ਵਿੱਚ ਕਿਸ ਚੀਜ਼ ਤੋਂ ਛੁਟਕਾਰਾ ਪਾਉਣ ਦੀ ਗੱਲ ਕੀਤੀ ਗਈ ਹੈ?

**ਭਾਗ - ਅ (ਵਿਆਕਰਨ)**

**3) ਸਮਾਸੀ ਸ਼ਬਦ (ਪੁੱਛੇ ਗਏ ਅਨੁਸਾਰ ਤਿੰਨ ਪ੍ਰਸ਼ਨਾਂ ਵਿੱਚੋਂ ਕੋਈ ਦੋ ਹੱਲ ਕਰੋ):** (2×1=2)

ੳ) ਇੱਕੋ ਸ਼ਬਦ ਦੇ ਦੁਹਰਾਅ ਵਾਲਾ ਕੋਈ ਸਮਾਸੀ ਸ਼ਬਦ ਚੁਣੋ:
1) ਨਾਦਰ-ਸ਼ਾਹੀ ਲੁੱਟ 2) ਭੇਡ-ਚਾਲ 3) ਦਿਨੋ-ਦਿਨ 4) ਹੱਥ ਪੈਰ

ਅ) 'ਜੁੱਧ ਲਈ ਭੂਮੀ' ਸ਼ਬਦ ਸਮੂਹ ਲਈ ਸਹੀ ਸਮਾਸੀ ਸ਼ਬਦ ਚੁਣੋ:
1) ਭੂਮੀ-ਜੁੱਧ 2) ਜੁੱਧ-ਭੂਮੀ 3) ਜੁੱਧਾ-ਭੂਮੀ 4) ਜੋਧਾ-ਭੂਮੀ

ੲ) ਹੇਠ ਲਿਖਿਆਂ ਵਿੱਚੋਂ ਕਿਹੜਾ ਸ਼ਬਦ ਸਮਾਸੀ ਨਹੀਂ ਹੈ?
1) ਰੋਟੀ-ਪਾਣੀ 2) ਰੋਟੀ-ਟੁੱਕ 3) ਰੋਟੀ-ਪੂਰੀ 4) ਰੋਜ਼ੀ-ਰੋਟੀ

**4) ਬਹੁ-ਅਰਥਕ ਸ਼ਬਦ (ਪੁੱਛੇ ਗਏ ਅਨੁਸਾਰ ਤਿੰਨ ਪ੍ਰਸ਼ਨਾਂ ਵਿੱਚੋਂ ਕੋਈ ਦੋ ਹੱਲ ਕਰੋ):** (2×1=2)

ੳ) ਹੇਠ ਲਿਖੇ ਖਾਲੀ ਸਥਾਨ ਵਿੱਚ ਇੱਕ ਬਹੁ-ਅਰਥਕ ਸ਼ਬਦ ਭਰੋ-
ਖੇਤ ਵਿੱਚ ............ 'ਤੇ ਚਲਦਿਆਂ ਮੇਰੇ ਢਿੱਡ ਵਿੱਚ ........... ਉੱਠਿਆ, ਅੱਗੋਂ ਮੇਰੇ ਪਿਤਾ ਜੀ ਨੇ ਮੇਰੇ .......... ਕੇ ਚਪੇੜ ਮਾਰੀ।
1) ਵੱਟ 2) ਵਾਰ 3) ਵੱਲ 4) ਟਿੱਕਾ

ਅ) 'ਟੋਟਾ' ਸ਼ਬਦ ਦਾ ਇਕ ਅਰਥ ਹੈ 'ਟੁੱਕੜਾ'। ਦੂਜਾ ਅਰਥ ਦੱਸੋ:
1) ਟੋਲਾ 2) ਟੁੱਟੇ ਹੋਏ ਚੌਲ 3) ਮਨਮੋਹਣਾ 4) ਟਿੱਪੀ

ੲ) ਕਿਹੜਾ ਸ਼ਬਦ 'ਚਾਰ' ਦੇ ਬਹੁ-ਅਰਥਕ ਵੱਜੋਂ ਨਹੀਂ ਵਰਤਿਆ ਜਾ ਸਕਦਾ -
1) ਠੱਗ ਜਾਣਾ 2) ਪਸ਼ੂ ਚਾਰਨੇ 3) ਘੁੰਮਣਾ 4) ਗਿਣਤੀ

**5) ਕਿਰਿਆ-ਵਿਸ਼ੇਸ਼ਣ (ਪੁੱਛੇ ਗਏ ਅਨੁਸਾਰ ਤਿੰਨ ਪ੍ਰਸ਼ਨਾਂ ਵਿੱਚੋਂ ਕੋਈ ਦੋ ਹੱਲ ਕਰੋ):** (2×1=2)

ੳ) ਕਿਰਿਆ ਵਿਸ਼ੇਸ਼ਣ ਚੁਣੋ : ਉਹ ਮੇਰੀ ਗੱਲ ਬਿਲਕੁਲ ਨਹੀਂ ਮੰਨਦਾ।
1) ਮੇਰੀ ਗੱਲ 2) ਬਿਲਕੁਲ 3) ਨਹੀਂ 4) ਮੰਨਦਾ

ਅ) ਹੇਠ ਲਿਖੇ ਸ਼ਬਦ ਸਮੂਹਾਂ ਵਿੱਚੋਂ ਕਾਰਨ ਵਾਚਕ ਕਿਰਿਆ-ਵਿਸ਼ੇਸ਼ਣ ਚੁਣੋ:
1) ਕਿਉਂਕਿ ਇਸ ਲਈ, ਇਸ ਤਰ੍ਹਾਂ 2) ਥੋੜਾ, ਬਹੁਤ, ਜਿੰਨਾ
3) ਹਾਂ, ਨਾਂਹ, ਅੱਛਾ ਜੀ 4) ਸੱਜੇ, ਦੂਰ, ਖੱਬੇ

ੲ) ਜਿਹੜੇ ਕਿਰਿਆ ਵਿਸ਼ੇਸ਼ਣ ਦੇ ਕੰਮ ਹੋਣ ਜਾਂ ਨਾ ਹੋਣ ਦਾ ਨਿਰਣਾ ਦੇਣ, ਉਹਨਾਂ ਨੂੰ ਕੀ ਕਿਹਾ ਜਾਂਦਾ ਹੈ?
1) ਨਿਸ਼ਚੇ-ਵਾਚਕ ਕਿਰਿਆ ਵਿਸ਼ੇਸ਼ਣ 2) ਕਾਰਨ-ਵਾਚਕ ਕਿਰਿਆ ਵਿਸ਼ੇਸ਼ਣ
3) ਨਿਰਨਾ-ਵਾਚਕ ਕਿਰਿਆ ਵਿਸ਼ੇਸ਼ਣ 4) ਪਰਿਮਾਣ-ਵਾਚਕ ਕਿਰਿਆ ਵਿਸ਼ੇਸ਼ਣ

**6) ਅਗੇਤਰ-ਪਿਛੇਤਰ (ਪੁੱਛੇ ਗਏ ਅਨੁਸਾਰ ਹੱਲ ਕਰੋ):** (1+1=2)

**ੳ)** ਹੇਠ ਲਿਖਿਆਂ ਵਿੱਚੋਂ ਕਿਸੇ ਇੱਕ ਅਗੇਤਰ ਨੂੰ ਵਰਤ ਕੇ ਦੋ - ਦੋ ਸ਼ਬਦ ਬਣਾਓ:
ਸਮ, ਬਦ

**ਅ)** ਹੇਠ ਲਿਖਿਆਂ ਵਿੱਚੋਂ ਕਿਸੇ ਇੱਕ ਪਿਛੇਤਰ ਨੂੰ ਵਰਤ ਕੇ ਦੋ - ਦੋ ਸ਼ਬਦ ਬਣਾਓ:
ਈਨ, ਆਰਾ

7) ਮੁਹਾਵਰੇ : ਹੇਠ ਲਿਖਿਆਂ ਵਿੱਚੋਂ ਕਿਸ ਚਾਰ ਮੁਹਾਵਰਿਆਂ ਨੂੰ ਇਸ ਤਰ੍ਹਾਂ ਵਾਕਾਂ ਵਿੱਚ ਵਰਤੋ ਕਿ ਅਰਥ ਸਪੱਸ਼ਟ ਹੋ ਜਾਣ: (4×1=4)

ਕੰਨ ਘੇਸਲ ਮਾਰਨਾ, ਖੱਬੇ ਹੱਥ ਦਾ ਕੰਮ ਹੋਣਾ, ਝਈਆਂ ਲੈਣੀਆਂ, ਜੰਗਲ ਵਿੱਚ ਮੰਗਲ ਹੋਣਾ, ਘਾਲਣਾ ਘਾਲਣੀ, ਗਿਰਗਿਟ ਵਾਂਗ ਰੰਗ ਬਦਲਣਾ

**ਭਾਗ-ੲ (ਪ੍ਰਭਾਵਸ਼ਾਲੀ ਲਿਖਣ ਕੌਸ਼ਲ)**

9) ਹੇਠ ਲਿਖੇ ਵਿਸ਼ਿਆਂ ਵਿੱਚੋਂ ਕਿਸੇ 'ਇੱਕ' ਵਿਸ਼ੇ ਉੱਤੇ ਦਿੱਤੇ ਹੋਏ ਨੁਕਤਿਆਂ ਦੇ ਅਧਾਰ ਤੇ 200 ਸ਼ਬਦਾਂ ਦਾ ਲੇਖ ਲਿਖੋ: (8)

**ਕਰ ਮਜ਼ੂਰੀ, ਖਾਹ ਚੂਰੀ**

ਨੁਕਤੇ -

ਭੂਮਿਕਾ, ਵਿਕਾਰਾਂ ਤੋਂ ਨਿਰਲੇਪ, ਮਿਹਨਤ ਸਬਰ ਸੰਤੋਖ ਦੀ ਕੁੰਜੀ, ਸਰੀਰਕ ਤੰਦਰੁਸਤੀ, ਮਹਾਂਪੁਰਸ਼ਾਂ ਦੇ ਕਥਨ, ਮਿਹਨਤ ਹੀ ਰੱਬ ਦੀ ਪੂਜਾ, ਜੀਵ-ਜੰਤੂਆਂ ਦਾ ਕਿਰਦਾਰ, ਸਿੱਟਾ।

**ਜਾਂ**

**ਨੌਜਵਾਨਾਂ ਵਿੱਚ ਵੱਧ ਰਹੀ ਨਸ਼ਿਆਂ ਦੀ ਵਰਤੋਂ**

ਨੁਕਤੇ -

ਜਾਣ-ਪਛਾਣ, ਨਸ਼ਿਆਂ ਕਾਰਨ ਬਾਹਰਲੇ ਪ੍ਰਭਾਵ, ਬੇਰੁਜ਼ਗਾਰੀ, ਘਰੇਲੂ ਪਰੇਸ਼ਾਨੀਆਂ, ਹੋਸਟਲਾਂ ਦਾ ਵਾਤਾਵਰਨ, ਸਫ਼ਲਤਾ ਪ੍ਰਾਪਤ ਕਰਨ ਦੀ ਪ੍ਰਬਲ ਇੱਛਾ, ਸੁਝਾਅ, ਉਪਰਾਲਾ, ਸਿੱਟਾ।

**ਜਾਂ**

**ਕੰਪਿਊਟਰ ਦਾ ਵੱਧ ਰਿਹਾ ਪ੍ਰਭਾਵ**

ਨੁਕਤੇ -

ਜਾਣ-ਪਛਾਣ, ਕੰਪਿਊਟਰ ਕੀ ਹੈ? ਕੰਪਿਊਟਰ ਦੀ ਵਰਤੋਂ, ਕੰਮ-ਕਾਜੀ ਦਫ਼ਤਰਾਂ ਵਿੱਚ ਵਰਤੋਂ, ਬੈਂਕਾਂ ਵਿੱਚ ਵਰਤੋਂ, ਵਿੱਦਿਆ ਦੇ ਖੇਤਰ ਵਿੱਚ, ਸੰਚਾਰ ਦੇ ਖੇਤਰ ਵਿੱਚ, ਫੈਸ਼ਨ ਅਤੇ ਡਿਜ਼ਾਇਨਿੰਗ ਦੇ ਖੇਤਰ ਵਿੱਚ, ਜੋਤਸ਼ ਵਿੱਦਿਆ ਦੇ ਖੇਤਰ ਵਿੱਚ, ਪੁਲਾੜ ਦੇ ਖੇਤਰ ਵਿੱਚ, ਮੌਸਮ ਬਾਰੇ ਜਾਣਕਾਰੀ, ਰਿਜ਼ਰਵੇਸ਼ਨ ਦੇ ਖੇਤਰ ਵਿੱਚ, ਅਪਰਾਧ ਅਤੇ ਅਪਰਾਧੀਆਂ ਦਾ ਪਤਾ ਲਾਉਣ ਸੰਬੰਧੀ, ਸਿੱਟਾ।

9) ਹੇਠ ਲਿਖੇ ਨੁਕਤਿਆਂ ਦੇ ਆਧਾਰ 'ਤੇ ਕੋਈ ਇੱਕ ਪੱਤਰ ਲਿਖੋ। (1×6=6)

ਤੁਹਾਡਾ ਨਾਂ ਵਰਿੰਦਰ ਕੁਮਾਰ ਹੈ ਅਤੇ ਤੁਸੀਂ 242 ਨਿਊ ਮਾਡਲ ਟਾਊਨ, ਮਿੱਠਾਪੁਰ ਰੋਡ, ਜਲੰਧਰ ਦੇ ਵਾਸੀ ਹੋ। ਤੁਹਾਡਾ ਦੋਸਤ ਜਿਸਦਾ ਨਾਂ ਭੁਪਿੰਦਰ ਹੈ। ਉਹ 26, ਗੌਤਮ ਨਗਰ, ਪਟਿਆਲਾ ਵਿੱਚ ਰਹਿੰਦਾ ਹੈ। ਉਹ ਮਾੜੀ ਸੰਗਤ ਦੇ ਪ੍ਰਭਾਵ ਕਾਰਨ ਦਿਨ-ਬ-ਦਿਨ ਫੈਸ਼ਨ ਪ੍ਰਸਤ ਹੋ ਰਿਹਾ ਹੈ। ਇਸ ਚਿੱਠੀ ਰਾਹੀਂ ਉਸਨੂੰ ਬੇਲੋੜੇ ਫੈਸ਼ਨ ਤੋਂ ਵਰਜਦੇ ਹੋਏ, ਉਸ ਦੀ ਭਲਾਈ ਲਈ ਸੁਝਾਅ ਦਿਓ।


ਨੁਕਤੇ: ਦੋਸਤ ਵਿੱਚ ਤਬਦੀਲੀ, ਦੋਸਤ ਦਾ ਪਰ੍ਹੇ-ਪਰ੍ਹੇ ਰਹਿਣਾ, ਮਾੜੀ ਸੰਗਤ 'ਚ, ਪਰਿਵਾਰ ਦੀ ਚਿੰਤਾ, ਫੈਸ਼ਨ ਦੀ ਕੀ ਲੋੜ, ਮਾੜੀ ਸੰਗਤ ਦਾ ਨਤੀਜਾ ਵੀ ਬੁਰਾ, ਸਲਾਹ।

**ਜਾਂ**

ਤੁਸੀਂ ਆਪਣੇ ਬੈਂਕ ਖਾਤੇ ਨੂੰ ਅਧਾਰ ਕਾਰਡ ਨਾਲ ਜੋੜਨਾ ਚਾਹੁੰਦੇ ਹੋ। ਇਸ ਸੰਬੰਧੀ ਬੈਂਕ ਮੈਨੇਜਰ ਨੂੰ ਪੱਤਰ ਲਿਖੋ।

ਨੁਕਤੇ: ਸਟੇਟ ਬੈਂਕ ਆਫ਼ ਇੰਡੀਆ ਬੱਚਤ ਖਾਤਾ, ਸਰਕਾਰੀ ਨਿਰਦੇਸ਼, ਕਾਰਡ ਜੋੜਨਾ।

10) ਹੇਠ ਲਿਖੇ ਚਿੱਤਰ ਨੂੰ ਦੇਖ ਕੇ ਉਸਦਾ ਵਰਨਣ 50 ਤੋਂ 60 ਸ਼ਬਦਾਂ ਵਿੱਚ ਲਿਖੋ। (4)




**ਭਾਗ-ਸ (ਪਾਠ ਪੁਸਤਕਾਂ ਤੇ ਅਧਾਰਤ)**

**11) ਕਹਾਣੀ ਅਤੇ ਵਾਰਤਕ ਵਿੱਚੋਂ (ਪੁੱਛੇ ਗਏ ਅਨੁਸਾਰ ਛੇ ਪ੍ਰਸ਼ਨਾਂ ਵਿੱਚੋਂ ਕੋਈ ਪੰਜ ਹੱਲ ਕਰੋ):(5×1=5)**

ੳ) 'ਘਰ ਦਾ ਪਿਆਰ' ਲੇਖ ਅਨੁਸਾਰ ਬੱਚਿਆਂ ਅੰਦਰ ਗ਼ੈਰ-ਜ਼ਿੰਮੇਵਾਰੀ ਵਾਲਾ ਵਤੀਰਾ ਕਿਉਂ ਪੈਦਾ ਹੋ ਜਾਂਦਾ ਹੈ?

1) ਪਹਾੜਾਂ 'ਤੇ ਰਹਿਣ ਕਾਰਨ 2) ਕਿਸੇ ਡਰ ਕਾਰਨ

3) ਚੰਗੇ ਲੋਕਾਂ ਦੀ ਸੰਗ ਕਾਰਨ 4) ਬੋਰਡਿੰਗ ਦੀ ਰਹਿਣੀ-ਬਹਿਣੀ ਕਾਰਨ

ਅ) ਮਨੁੱਖ ਦਾ ਕਿਹੜਾ ਅੰਗ ਉਸਦੇ ਸਰੀਰ ਦਾ ਚਿੱਤਰ ਹੈ?

1) ਮੱਥਾ 2) ਸਿਰ 3) ਚਿਹਰਾ 4) ਅੱਖਾਂ

ੲ) ਬਾਬਿਆਂ ਦੀ ਭੈਣ ਦੁਆਰਾ ਖੇਤ ਵਿੱਚੋਂ ਕਿਸ ਚੀਜ਼ ਦੀ ਪੰਡ ਬੰਨ੍ਹ ਕੇ ਲਿਆਂਦੀ ਗਈ?

1) ਕਣਕ ਦੀ 2) ਜਵਾਰ/ਜੁਆਰ ਦੀ 3) ਮੱਕੀ ਦੀ 4) ਬਾਜਰੇ ਦੀ

ਸ) ਮਾਨ ਸਿੰਘ ਛੁੱਟੀਆਂ ਮੁੱਕਣ ਦੇ ਨੇੜੇ ਟਾਂਗੇ 'ਤੇ ਚੜ੍ਹਿਆ ਕਿੱਥੇ ਜਾ ਰਿਹਾ ਸੀ?

1) ਵਾਪਸ ਫੌਜ ਨੂੰ 2) ਕਰਮ ਸਿੰਘ ਦੇ ਪਿੰਡ 3) ਗੁਰਦੁਆਰੇ 4) ਘੁੰਮਣ-ਫਿਰਨ

ਹ) ਮਹਿੰਦਰ ਤੋਂ ਛੋਟੀ ਕੁੜੀ ਕਿਹੜੀ ਜਮਾਤ ਵਿੱਚ ਪੜ੍ਹਦੀ ਸੀ?

1) ਛੇਵੀਂ ਵਿੱਚ 2) ਸੱਤਵੀਂ ਵਿੱਚ 3) ਅੱਠਵੀਂ ਵਿੱਚ 4) ਨੌਵੀਂ ਵਿੱਚ

ਕ) ਪਾਠ 'ਤੁਰਨ ਦਾ ਹੁਨਰ' ਦੇ ਅਧਾਰ 'ਤੇ ਸਭ ਤੋਂ ਚੰਗੀ ਸੈਰ ਕਿੱਥੇ ਹੁੰਦੀ ਹੈ?

1) ਖੁੱਲ੍ਹੇ ਰਾਹਾਂ 'ਤੇ 2) ਬਾਗਾਂ ਵਿੱਚ 3) ਪਹਾੜਾ 'ਤੇ 4) ਪਾਣੀ ਦੇ ਕਿਨਾਰੇ

**12) ਕਵਿਤਾ ਅਤੇ ਇਕਾਂਗੀ ਵਿੱਚੋਂ (ਪੁੱਛੇ ਗਏ ਅਨੁਸਾਰ ਛੇ ਪ੍ਰਸ਼ਨਾਂ ਵਿੱਚੋਂ ਕੋਈ ਪੰਜ ਹੱਲ ਕਰੋ):(5×1=5)**

ੳ) ਸ੍ਰੀ ਗੁਰੂ ਅਰਜਨ ਦੇਵ ਜੀ ਦੀ ਰਚਨਾ ਕਿਹੜੀ ਹੈ?

1) ਸਤਿਗੁਰ ਨਾਨਕ ਪ੍ਰਗਟਿਆ

2) ਸੋ ਕਿਉਂ ਮੰਦਾ ਆਖਿਐ

3) ਤੂੰ ਮੇਰਾ ਪਿਤਾ ਤੂੰ ਹੈ ਮੇਰਾ ਮਾਤਾ

4) ਕਿਰਪਾ ਕਰਿ ਕੈ ਬਖਸਿ ਲੈਹੁ

ਅ) ਅਸੀਂ ਖਤੇ ਬਹੁਤ ਕਮਾਵਦੇ ਤੁਕ ਵਿੱਚ 'ਖਤੇ' ਸ਼ਬਦ ਤੋਂ ਕੀ ਭਾਵ ਹੈ?

1) ਪਾਪ 2) ਪੁੰਨ 3) ਬਾਣੀ ਪੜ੍ਹਨਾ 4) ਬਖਸ਼ਿਸ਼ ਹੋਣਾ

ੲ) 'ਜ਼ਫਰਨਾਮਾ' ਦਾ ਕੀ ਅਰਥ ਹੈ?

1) ਪਿਆਰ ਦਾ ਪੱਤਰ 2) ਹਾਰ ਦਾ ਪੱਤਰ 3) ਜਿੱਤ ਦਾ ਪੱਤਰ 4) ਲੜਾਈ ਦਾ ਪੱਤਰ

ਸ) ਨਿਹਾਲ ਕੌਰ ਚਟਣੀ ਲਈ ਪੁਦੀਨਾ ਤੋੜਨ ਕਿੱਥੇ ਜਾਂਦੀ ਹੈ?

1) ਖੇਤ ਵਿੱਚ 2) ਗੁਆਂਢ ਵਿੱਚ 3) ਹਵੇਲੀ ਵਿੱਚ 4) ਕਿਆਰੀ ਵਿੱਚ

ਹ) ਫੇਰੂ ਸ਼ਹਿਰ ਦੇ ਲੜਾਈ ਦੇ ਮੈਦਾਨ ਵਿੱਚ ਕਿਹੜੀਆਂ ਫੌਜਾਂ ਦਾ ਯੁੱਧ ਹੋਇਆ?

1) ਸਿੰਘਾਂ ਤੇ ਅੰਗਰੇਜ਼ਾਂ ਦਾ 2) ਸਿੰਘਾਂ ਤੇ ਮੁਗਲਾਂ ਦਾ

3) ਸਿੰਘਾਂ ਤੇ ਮੁਸਲਮਾਨਾਂ ਦਾ 4) ਪੰਜਾਬੀਆਂ ਤੇ ਜਪਾਨੀਆਂ ਦਾ

ਕ) ਮਨਜੀਤ ਕੌਰ ਆਪਣੀ ਸੱਸ ਨਿਹਾਲ ਕੌਰ ਤੋਂ ਆਉਣ ਵਾਲੇ ਪਰਾਹੁਣੇ ਲਈ ਕਿਹੜੀ ਚੀਜ਼ ਬਣਾਉਣ ਦੀ ਆਗਿਆ ਮੰਗਦੀ ਹੈ?

1) ਪੰਜੀਰੀ 2) ਕੋਈ ਮਿੱਠੀ ਚੀਜ਼ 3) ਲੱਡੂ 4) ਪਕੌੜੇ

**13) ਕਹਾਣੀ ਅਤੇ ਵਾਰਤਕ ਵਿੱਚੋਂ (ਕਿਸੇ ਚਾਰ ਪ੍ਰਸ਼ਨਾਂ ਦੇ ਉੱਤਰ ਇੱਕ-ਦੋ ਸ਼ਬਦਾਂ ਵਿੱਚ ਦਿਓ): (4×1=4)**

ੳ) ਕਰਮ ਸਿੰਘ ਦਾ ਪਿੰਡ ਕਿਹੜਾ ਸੀ?

ਅ) ਕਰਤਾਰ ਸਿੰਘ ਦੀ ਮੌਤ ਤੋਂ ਅੱਠਵੇਂ ਦਿਨ ਪਿੱਛੋਂ ਉਨ੍ਹਾਂ ਦੇ ਘਰੇ ਕੌਣ ਆਇਆ ਸੀ?

ੲ) ਜਿਨ੍ਹਾਂ ਅੰਦਰ ਘਰ ਦਾ ਪਿਆਰ ਨਹੀਂ ਹੁੰਦਾ, ਉਨ੍ਹਾਂ ਦੀ ਜ਼ਿੰਦਗੀ ਕਿਹੋ- ਜਿਹੀ ਹੋ ਜਾਂਦੀ ਹੈ?

ਸ) ਕੈਦ ਵਿੱਚ ਧਾੜਵੀ ਸਰਦਾਰ ਦਾ ਵਿਹਾਰ ਕਿਹੋ ਜਿਹਾ ਸੀ?

ਹ) ਸਵੈ-ਵਿਸ਼ਵਾਸ ਕਿਵੇਂ ਉਪਜਦਾ ਹੈ? ਲੇਖ ਤੁਰਨ ਦਾ ਹੁਨਰ ਦੇ ਅਧਾਰ 'ਤੇ ਦੱਸੋ।

**14) ਕਹਾਣੀ ਵਾਰਤਕ ਅਤੇ ਇਕਾਂਗੀ ਵਿੱਚੋਂ (7×2=14)**

**(ਕਿਸੇ ਸੱਤ ਪ੍ਰਸ਼ਨਾਂ ਦੇ ਉੱਤਰ 25-30 ਸ਼ਬਦਾਂ ਵਿੱਚ ਦਿਓ):**

ੳ) ਲੇਖ 'ਬੋਲੀ' ਅਨੁਸਾਰ ਲੇਖਕ ਨੇ ਬੇ-ਭਾਗ ਲੋਕ ਕਿੰਨ੍ਹਾਂ ਨੂੰ ਆਖਿਆ ਹੈ ਅਤੇ ਕਿਉਂ?

ਅ) ਸ਼ਾਹਾਂ ਦੇ ਮੁੰਡੇ ਤੋਂ ਕੁਲਫ਼ੀ ਖੋਹਣ 'ਤੇ ਕਾਕੇ ਦੇ ਮਾਪਿਆਂ ਦੀ ਕੀ ਪ੍ਰਤੀਕਿਰਿਆ ਸੀ?

ੲ) ਨਿਹਾਲ ਕੌਰ ਆਪਣੀ ਨੂੰਹ ਨੂੰ ਕਿਨ੍ਹਾਂ ਗੱਲਾਂ ਰਾਹੀਂ ਦਰਸਾਉਂਦੀ ਹੈ ਕਿ ਅੱਜ-ਕੱਲ ਦੀਆਂ ਨੂੰਹਾਂ ਵਿੱਚ ਬਦਲਾਅ ਆ ਗਿਆ ਹੈ।

ਸ) ਜ਼ਫ਼ਰਨਾਮੇ ਦਾ ਔਰੰਗਜ਼ੇਬ 'ਤੇ ਕੀ ਅਸਰ ਹੋਇਆ?

ਹ) ਮਾਨ ਸਿੰਘ ਨਾਲ ਆਪਣੇ ਦੋਸਤ ਕਰਮ ਸਿੰਘ ਦੇ ਘਰ ਪਹੁੰਚਣ 'ਤੇ ਕਿਹੋ-ਜਿਹਾ ਵਰਤਾਓ ਹੋਇਆ?

ਕ) ਸੁਸਾਇਟੀ ਦੇ ਇੰਸਪੈਕਟਰ ਨੇ ਅਮਰੀਕ ਕੋਲ ਆ ਕੇ ਕੀ ਕਿਹਾ?

ਖ) ਔਰੰਗਜ਼ੇਬ ਦੇ ਬੇਟਿਆਂ ਵਿੱਚ ਖਾਨਾਜੰਗੀ ਕਿਸ ਲਈ ਸ਼ੁਰੂ ਹੋ ਗਈ ਸੀ?

ਗ) ਮਨੁੱਖ ਦੀਆਂ ਸਰੀਰਕ ਸਮੱਸਿਆਵਾਂ ਕਿਉਂ ਵੱਧ ਗਈਆਂ ਹਨ ਅਤੇ ਇਨ੍ਹਾਂ ਨੂੰ ਕਿਵੇਂ ਦੂਰ ਕੀਤਾ ਜਾ ਸਕਦਾ ਹੈ? 'ਤੁਰਨ ਦਾ ਹੁਨਰ' ਲੇਖ ਦੇ ਅਧਾਰ 'ਤੇ ਦੱਸੋ।

**15) ਕਵਿਤਾ ਅਤੇ ਵਾਰਤਕ ਵਿੱਚੋਂ (ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 50-60 ਸ਼ਬਦਾਂ ਵਿੱਚ ਲਿਖੋ) (2×4=8)**

ੳ) 'ਕਿਰਪਾ ਕਰਿ ਕੈ ਬਖਸਿ ਲੈਹੁ' ਸ਼ਬਦ ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ।

**ਜਾਂ**

ਗੁਰੂ ਅਰਜਨ ਦੇਵ ਜੀ ਨੇ ਮਨੁੱਖ ਨੂੰ ਪਰਮਾਤਮਾ ਨਾਲ ਕਿਹੜੇ-ਕਿਹੜੇ ਰਿਸ਼ਤਿਆਂ ਨਾਲ ਜੋੜਿਆ ਹੈ?

ਅ) 'ਬੋਲੀ ਆਪਣੀ ਜ਼ਿੰਦਗੀ ਦੀ ਅਮੀਰੀ ਵਿੱਚੋਂ ਆਪਣੇ ਲਫ਼ਜ਼ ਚੁਣਦੀ ਹੈ'। ਇਸ ਵਾਕ ਦੀ ਪੁਸ਼ਟੀ ਕਰੋ।

**ਜਾਂ**

ਛਾਪੇ ਪਿੰਡ ਦੇ ਲੋਕਾਂ ਨੇ ਲੇਖਕ ਦੇ ਵੱਡੇ-ਵਡੇਰਿਆਂ ਤੋਂ ਹਰ ਨਾਤਾ ਤੋੜ ਲਿਆ ਸੀ। ਕਿਉਂ?

**16) ਇਕਾਂਗੀ ਵਿੱਚੋਂ (ਕਿਸੇ ਇੱਕ ਪ੍ਰਸ਼ਨ ਦਾ ਉੱਤਰ 50-60 ਸ਼ਬਦਾਂ ਵਿੱਚ ਲਿਖੋ) (1×4=4)**

ੳ) ਜ਼ੀਨਤ-ਉਨ-ਨਿਸ਼ਾ ਦੀ ਪਾਤਰ ਉਸਾਰੀ ਕਰੋ।

**ਜਾਂ**

ਸੁਖਰਾਜ ਕੌਰ ਕੌਣ ਹੈ? ਉਸ ਬਾਰੇ ਨਿਹਾਲ ਕੌਰ ਦੇ ਕੀ ਵਿਚਾਰ ਸਨ?